# ਦਫ਼ਤਰ ਡਾਇਰੈਕਟਰ ਜਨਰਲ ਸਕੂਲ ਐਜੂਕੇਸ਼ਨ, ਪੰਜਾਬ
## ਸਰਵ ਸਿੱਖਿਆ ਅਭਿਆਨ ਅਥਾਰਟੀ (ਪੰਜਾਬ)

ਐਸ.ਸੀ.ਓ. ਨੰ :104-106, ਦੂਜੀ ਅਤੇ ਤੀਜੀ ਮੰਜਿਲ ਸੈਕਟਰ 34-ਏ ਚੰਡੀਗੜ੍ਹ।

ਵੱਲ

1) ਸਮੂਹ ਜ਼ਿਲ੍ਹਾ ਸਿੱਖਿਆ ਅਫਸਰ (ਸੈ.ਸਿ)।
2) ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ।
3) ਸਬੰਧਤ ਸਕੂਲ ਮੁੱਖੀ (ਵੈੱਬ-ਸਾਈਟ ਰਾਹੀਂ)
ਪੰਜਾਬ

ਮੀਮੋ ਨੰ.: ਐਸ.ਐਸ.ਏ/ਐਮਸੀ/ 2013/ 6931-33
ਮਿਤੀ, ਚੰਡੀਗੜ੍ਹ 05ਅਪ੍ਰੈਲ, 2013

ਵਿਸ਼ਾ:- **ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀ ਕਰਵਾਉਣ ਸਬੰਧੀ ਹਦਾਇਤਾਂ।**

1.0 ਸਕੂਲ ਸਿੱਖਿਆ ਵਿਭਾਗ ਵੱਲੋਂ ਛੇਵੀਂ ਤੋਂ ਦਸਵੀਂ ਜਮਾਤ ਵਿੱਚ ਪੜ੍ਹਦੇ ਸਕੂਲੀ ਵਿਦਿਆਰਥੀਆਂ ਵਿੱਚ ਸਾਇੰਸ, ਗਣਿਤ ਵਿਸ਼ਿਆਂ ਅਤੇ ਇੰਜਿਨੀਅਰਿੰਗ ਦੀ ਪੜ੍ਹਾਈ ਲਈ ਵਧਾਵਾ ਦੇਣ ਲਈ ਅਤੇ ਨੰਨ੍ਹੇ ਸਾਇੰਸਦਾਨ ਤਿਆਰ ਕਰਨ ਲਈ ਭਾਰਤ ਸਰਕਾਰ ਦੇ ਸਹਿਯੋਗ ਨਾਲ ਇੰਸਪਾਇਰ ਐਵਾਰਡ ਸਕੀਮ ਤਹਿਤ ਚੁਣੇ ਗਏ ਵਿਦਿਆਰਥੀਆਂ ਨੂੰ ਆਪਣੀ ਪ੍ਰਤਿਭਾ ਦਿਖਾਉਣ ਲਈ ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀਆਂ ਆਯੋਜਿਤ ਕੀਤੀਆਂ ਜਾ ਰਹੀਆਂ ਹਨ। ਇਹ ਪ੍ਰਦਰਸ਼ਨੀਆਂ ਮਿਤੀ 02.05.2013 ਤੋਂ 08.05.2013 ਤੱਕ ਜ਼ਿਲ੍ਹਾ ਪੱਧਰ ਤੇ ਲਗਾਈਆਂ ਜਾ ਰਹੀਆਂ ਹਨ, ਜਿਸ ਵਿੱਚ ਪੰਜਾਬ ਰਾਜ ਦੇ ਕੁੱਲ 6684 ਵਿਦਿਆਰਥੀ ਭਾਗ ਲੈਣਗੇ।

2.0 ਇਹਨਾਂ ਜ਼ਿਲ੍ਹਾ ਪੱਧਰੀ ਇੰਸਪਾਇਰ ਐਵਾਰਡ ਪ੍ਰਦਰਸ਼ਨੀਆਂ ਵਿੱਚ ਵਿਦਿਆਰਥੀ ਆਪਣੇ ਦੁਆਰਾ ਬਣਾਏ ਗਏ ਮਾਡਲਾਂ ਰਾਹੀਂ ਆਪਣੀ ਪ੍ਰਤਿਭਾ ਦਾ ਪ੍ਰਦਰਸ਼ਨ ਕਰਨਗੇ। ਮਾਡਲ ਬਣਾਉਣ ਲਈ ਵਿਦਿਆਰਥੀ ਇੰਸਪਾਇਰ ਐਵਾਰਡ ਸਕੀਮ ਅਧੀਨ ਪ੍ਰਾਪਤ 5000 ਰੁਪਏ ਦੀ ਪ੍ਰੋਤਸਾਹਨ ਰਾਸ਼ੀ ਵਿੱਚੋਂ ਆਪਣੇ ਸਾਇੰਸ ਅਧਿਆਪਕ/ ਗਾਈਡ ਅਧਿਆਪਕ ਦੀ ਦੇਖ-ਰੇਖ ਵਿੱਚ 2500/- ਰੁਪਏ ਤੱਕ ਮਾਡਲ ਬਣਾਉਣ ਦਾ ਖਰਚਾ ਸਕਦੇ ਹਨ ਅਤੇ 2500/- ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਲਈ ਆਉਣ ਜਾਣ ਦਾ (ਮਾਡਲ ਸਮੇਤ) ਖਰਚਾ ਕਰ ਸਕਦੇ ਹਨ।

3.0 ਇਹ ਪ੍ਰਦਰਸ਼ਨੀ ਹਰ ਜ਼ਿਲ੍ਹੇ ਵਿੱਚ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਦੀ ਅਗਵਾਈ ਵਿੱਚ ਲਗਣਗੀਆਂ ਅਤੇ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰ ਇਨ੍ਹਾਂ ਪ੍ਰਦਰਸ਼ਨੀਆਂ ਦੇ ਨੋਡਲ ਅਫ਼ਸਰ ਹੋਣਗੇ।

3.1 ਜਿਨ੍ਹਾਂ ਵਿਦਿਆਰਥੀਆਂ ਨੂੰ ਪ੍ਰੋਤਸਾਹਨ ਰਾਸ਼ੀ ਮਿਲ ਚੁੱਕੀ ਹੈ, ਉਨ੍ਹਾਂ ਪ੍ਰਤੀ ਇਹ ਯਕੀਨੀ ਬਣਾਇਆ ਜਾਵੇ ਕਿ ਸਕੂਲ ਮੁੱਖੀ ਵੱਲੋਂ ਵਿਦਿਆਰਥੀ ਦਾ ਬੈਂਕ ਵਾਰੰਟ ਕੈਸ਼ ਕਰਾ ਲਿਆ ਗਿਆ ਹੈ ਅਤੇ ਸਾਇੰਸ ਅਧਿਆਪਕ/ ਗਾਈਡ ਅਧਿਆਪਕ ਉਸ ਦੇ ਮਾਡਲ ਦੀ ਤਿਆਰੀ ਵਿੱਚ ਯੋਗ ਅਗਵਾਈ ਕਰ ਰਿਹਾ ਹੈ।

3.2 ਇਨ੍ਹਾਂ ਪ੍ਰਦਰਸ਼ਨੀਆਂ ਦੇ ਸੰਚਾਲਨ ਲਈ ਹੈਡ ਆਫਿਸ ਤੋਂ ਜਾਰੀ ਰਾਸ਼ੀ ਦੇ ਖਰਚ ਪ੍ਰਤੀ ਸਮੂਹ ਜ਼ਿਲ੍ਹਾ ਨੋਡਲ ਅਫ਼ਸਰਾਂ ਨੂੰ ਫਿਜਿਕਲ ਅਤੇ ਫਾਈਨਾਸ਼ੀਅਲ ਸਹੀ ਢੰਗ ਨਾਲ ਰਿਕਾਰਡ ਮੇਨਟੇਨ ਕਰਨ ਦੀ ਹਦਾਇਤ ਕੀਤੀ ਜਾਂਦੀ ਹੈ।

3.3 ਭਾਗ ਲੈਣ ਵਾਲੇ ਵਿਦਿਆਰਥੀਆਂ ਦੀ ਗਿਣਤੀ, ਹਾਜ਼ਰੀ ਸ਼ੀਟ ਵਿਦਿਆਰਥੀਆਂ ਦੇ ਵੇਰਵੇ ਸਮੇਤ ਦਾ ਰਿਕਾਰਡ ਰੱਖਿਆ ਜਾਵੇ।

**3.4 ਜਿਊਰੀ ਦੇ ਮੈਂਬਰਾਂ ਵੱਲੋਂ ਸਾਰੇ ਪ੍ਰੋਜੈਕਟਾਂ ਦਾ ਮੁਲਾਂਕਣ ਕਰਨਾ ਲਾਜ਼ਮੀ ਹੋਵੇਗਾ ਤਾਂ ਜੋ ਸਭ ਤੋਂ ਵਧੀਆ ਪ੍ਰੋਜੈਕਟ ਰਾਜ ਪੱਧਰ ਲਈ ਚੁਣੇ ਜਾ ਸਕਣ। ਇਸ ਵਾਸਤੇ ਜਿਊਰੀ ਵਿੱਚ ਤਿੰਨ ਮੈਂਬਰ ਹੋਣਗੇ, ਜਿਨ੍ਹਾਂ ਵਿੱਚੋਂ ਦੋ ਮੈਂਬਰ ਜ਼ਿਲ੍ਹਾ ਪੱਧਰ ਤੋਂ ਲਏ ਜਾਣਗੇ ਅਤੇ ਇੱਕ ਨੁਮਾਇੰਦਾ ਡੀ.ਐਸ.ਟੀ. ਨਵੀਂ ਦਿੱਲੀ ਵੱਲੋਂ ਭੇਜਿਆ ਜਾਵੇਗਾ।**

3.5 ਹਰੇਕ ਜ਼ਿਲ੍ਹਾ ਪੱਧਰੀ ਦੀ ਵੀਡੀਓ ਗ੍ਰਾਫੀ ਅਤੇ ਫੋਟੋਗ੍ਰਾਫੀ ਕਰਾਉਣਾ ਲਾਜ਼ਮੀ ਹੈ ਅਤੇ ਪ੍ਰਦਰਸ਼ਨੀ ਤੋਂ ਤੁਰੰਤ ਬਾਅਦ ਇਸ ਦੀਆਂ ਇਲੈਕਟ੍ਰੋਨਿਕ ਕਾਪੀਆਂ ਸਟੇਟ ਪੱਧਰ ਤੇ ਪਹੁੰਚਾਉਣਾ ਲਾਜ਼ਮੀ ਹੋਵੇਗਾ।

3.6 ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਘੱਟੋ-ਘੱਟ ਤਿੰਨ ਦਿਨ ਤੱਕ ਜਰੂਰ ਚਲਾਈ ਜਾਵੇ।ਜੇਕਰ ਵਿਦਿਆਰਥੀਆਂ ਦੀ ਗਿਣਤੀ 250 ਤੋਂ ਵੱਧ ਹੋਵੇ ਤਾਂ ਇਹ ਪ੍ਰਦਰਸ਼ਨੀ ਦੋ ਫੇਜ਼ਾਂ ਵਿੱਚ ਪਹਿਲਾ ਫੇਜ਼ 02.05.2013 ਤੋਂ 04.05.2013 ਅਤੇ ਦੂਸਰੇ ਫੇਜ 06.05.2013 ਤੋਂ 08.05.2013 ਤੱਕ ਕਰਵਾਈ ਜਾ ਸਕਦੀ ਹੈ।

3.7 ਹਰ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਵਿੱਚੋਂ ਉਤਮ 7.5% ਵਿਦਿਆਰਥੀ (ਸੀਨੀਅਰ ਅਤੇ ਜੂਨੀਅਰ ਗਰੁੱਪਾਂ ਵਿੱਚੋਂ) ਚੁਣੇ ਜਾਣ ਜੇਕਰ ਵਿਦਿਆਰਥੀ ਦੀ ਗਿਣਤੀ ਬਹੁਤ ਘੱਟ ਹੋਵੇ ਤਾਂ ਘੱਟੋ-ਘੱਟ ਪੰਜ ਵਿਦਿਆਰਥੀ ਜਰੂਰ ਚੁਣੇ ਜਾਣ।ਇਹਨਾਂ 7.5% ਵਧੀਆਂ ਮਾਡਲ ਪ੍ਰਦਰਸ਼ਿਤ ਕਰਨ ਵਾਲੇ ਵਿਦਿਆਰਥੀ ਨੂੰ ਇਨਾਮ ਦਿੱਤੇ ਜਾਣਗੇ ਅਤੇ ਇਹ ਵਿਦਿਆਰਥੀ ਰਾਜ ਪੱਧਰੀ ਪ੍ਰਦਰਸ਼ਨੀ ਲਈ ਚੁਣੇ ਜਾਣਗੇ।

3.8 ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਲਈ ਗਾਈਡ ਅਧਿਆਪਕਾਂ ਦਾ ਬਣਦਾ ਟੀ.ਏ./ਡੀ.ਏ. ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਨੂੰ ਮਿਲਣ ਵਾਲੇ ਖਰਚੇ ਵਿੱਚੋਂ ਪੰਜਾਬ ਸਰਕਾਰ ਦੇ ਟੀ.ਏ./ਡੀ.ਏ. ਦੇ ਨਿਯਮਾਂ ਅਨੁਸਾਰ ਹੀ ਦਿੱਤਾ ਜਾਵੇਗਾ।

3.9 ਕਿਸੇ ਖਾਸ ਲੋੜਵੰਦ ਕੇਸ ਵਿੱਚ ਜੇਕਰ ਕੋਈ ਵਿਦਿਆਰਥੀ ਅੰਗਹੀਣ ਹੋਵੇ ਤਾਂ, ਲੜਕੀਆਂ ਦੇ ਕੇਸ ਵਿੱਚ ਜੇਕਰ ਪ੍ਰਦਰਸ਼ਨੀ ਦਾ ਸਥਾਨ ਦੂਰ ਹੋਣ ਕਾਰਨ ਉਸ ਨਾਲ ਆਏ ਉਸ ਦੇ ਮਾਪਿਆਂ ਦੇ ਠਹਿਰਣ ਦਾ ਪ੍ਰਬੰਧ ਕੀਤਾ ਜਾ ਸਕਦਾ ਹੈ।

3.10 ਡੀ.ਐਸ.ਟੀ., ਨਵੀਂ ਦਿਲੀ ਵੱਲੋਂ ਆਏ ਜਿਊਰੀ ਮੈਂਬਰਾਂ ਨੂੰ ਠਹਿਰਾਉਣ ਲਈ ਖਰਚਾ ਕੀਤਾ ਜਾ ਸਕਦਾ ਹੈ ਅਤੇ ਲੋਕਲ ਜਿਊਰੀ ਮੈਂਬਰਾਂ ਨੂੰ ਬਣਦਾ ਟੀ.ਏ./ਡੀ.ਏ. ਉਨ੍ਹਾਂ ਨੂੰ ਦਿੱਤੇ ਜਾਣ ਵਾਲੇ ਮਾਣ ਭੱਤੇ ਤੋਂ ਵੱਖਰਾ ਹੋਵੇਗਾ।

3.11 ਇਸ ਤੋਂ ਇਲਾਵਾ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਦੇ ਪ੍ਰਬੰਧਕ ਖਰਚਿਆਂ ਦੇ ਵਿੱਚ ਇੰਸਪਾਇਰ ਐਵਾਰਡ ਦੇ ਪ੍ਰੋਗਰਾਮ ਪ੍ਰਤੀ ਪ੍ਰਚਾਰ ਅਤੇ ਇਸ਼ਤਿਹਾਰ, ਸਰਟੀਫਿਕੇਟ, ਵਿਦਿਆਰਥੀਆਂ ਦੇ ਪਹਿਚਾਣ ਪੱਤਰ, ਇਨਾਮਾਂ ਦੀ ਰਾਸ਼ੀ ਲੋੜ ਪੈਣ ਤੇ ਜਨਰੇਟਰ

ਲਈ ਫੁੱਟਕਲ ਖਰਚਾ ਵਿੱਚੋਂ ਕੀਤਾ ਜਾ ਸਕਦਾ ਹੈ। ਜਿਸ ਦੀ ਬਰੇਕ-ਅੱਪ ਅਨੁੱਲਗ 'ੳ' ਤੇ ਹੈ।

3.12 ਸਮੂਹ ਜ਼ਿਲ੍ਹਾ ਸਾਇੰਸ ਸੁਪਰਵਾਈਜ਼ਰਾਂ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਇੰਸਪਾਇਰ ਐਵਾਰਡ ਦे ਪ੍ਰਾਪਤ ਕਰ ਚੁੱਕੇ ਬੈਂਕ ਵਾਰੰਟਸ ਵਾਲੇ ਵਿਦਿਆਰਥੀਆਂ ਦੇ ਸਕੂਲ ਮੁੱਖੀਆਂ ਤੋਂ ਯਕੀਨੀ ਬਣਾਇਆ ਜਾਵੇ ਕਿ ਸਕੂਲ ਮੁੱਖੀ ਵੱਲੋਂ ਵਿਦਿਆਰਥੀ ਨੂੰ ਮਿਲਣ ਵਾਲੀ ਪ੍ਰੋਤਸਾਹਨ ਰਾਸ਼ੀ ਕੈਸ਼ ਕਰਵਾ ਦਿੱਤੀ ਗਈ ਹੈ, ਅਣਗਹਿਲੀ ਦੀ ਸੂਰਤ ਵਿੱਚ ਸਬੰਧਤ ਡੀ.ਐਸ.ਐਸ. ਅਤੇ ਸਕੂਲ ਮੁੱਖੀ ਜਿੰਮੇਵਾਰ ਹੋਵੇਗਾ ਅਤੇ ਇਹ ਯਕੀਨੀ ਬਣਾਇਆ ਜਾਵੇ ਕਿ ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀ ਵਿੱਚ ਇੰਸਪਾਇਰ ਐਵਾਰਡ ਅਧੀਨ ਚੁਣੇ ਗਏ ਵਿਦਿਆਰਥੀ ਲਾਜ਼ਮੀ ਤੌਰ ਤੇ ਭਾਗ ਲੈਣ।

**3.13 ਸਕੂਲ ਮੁੱਖੀਆਂ ਨੂੰ ਵਿਸ਼ੇਸ਼ ਹਦਾਇਤ ਕੀਤੀ ਜਾਵੇ ਕਿ ਵਿਦਿਆਰਥੀਆਂ ਵੱਲੋਂ ਪ੍ਰਦਰਸ਼ਿਤ ਮਾਡਲ ਬਣਿਆਂ-ਬਣਾਇਆਂ ਬਾਜ਼ਾਰ ਤੋਂ ਨਾ ਖਰੀਦਿਆਂ ਹੋਣ। ਇਸ ਲਈ ਵਿਦਿਆਰਥੀ ਦਾ ਗਾਈਡ ਅਧਿਆਪਕ, ਵਿਦਿਆਰਥੀਆਂ ਦੇ ਅੰਦਰ ਛੁਪੀ ਪ੍ਰਤਿਭਾ ਨੂੰ ਪੂਰੀ ਤਰ੍ਹਾਂ ਉਭਾਰਨ ਲਈ ਸਮੇਂ ਸਮੇਂ ਤੇ ਗਾਈਡ ਕਰੇ।**

3.14 ਪ੍ਰਦਰਸ਼ਨੀ ਦਾ ਮਾਹੌਲ, ਸਾਇੰਸ ਦੀ ਪੜ੍ਹਾਈ ਲਈ ਪ੍ਰੋਤਸ਼ਾਹਿਤ ਕਰਨ ਲਈ ਢੁੱਕਵਾਂ ਅਤੇ ਉਤਸ਼ਾਹਿਤ ਕਰਨ ਵਾਲਾ ਹੋਣਾ ਚਾਹੀਦਾ ਹੈ।

4.0 ਜ਼ਿਲ੍ਹਾ ਪੱਧਰੀ ਪ੍ਰਦਰਸ਼ਨੀਆਂ ਕਰਵਾਉਣ ਲਈ ਜਗ੍ਹਾ ਅਤੇ ਜਿਊਰੀ ਮੈਂਬਰਾਂ ਦੇ ਵੇਰਵੇ ਜਲਦ ਤੋਂ ਜਲਦ ਹੈੱਡ ਆਫਿਸ ਭੇਜੇ ਜਾਣ।

5.0 ਇਸ ਪ੍ਰਦਰਸ਼ਨੀ ਵਿੱਚ ਭਾਗ ਲੈਣ ਵਾਲੇ ਹਰੇਕ ਵਿਦਿਆਰਥੀ ਨੂੰ ਅਤੇ ਗਾਈਡ ਅਧਿਆਪਕ ਨੂੰ ਪ੍ਰਦਰਸ਼ਨੀ ਦੌਰਾਨ ਦੁਪਿਹਰ ਦਾ ਖਾਣਾ ਅਤੇ ਦੋ ਟਾਈਮ ਚਾਹ ਮੁਹੱਈਆ ਕਰਵਾਈ ਜਾਵੇਗੀ।

6.0 ਉੱਕਤ ਪ੍ਰਦਰਸ਼ਨੀਆਂ ਕਰਵਾਉਣ ਲਈ ਹੈੱਡ ਆਫਿਸ ਤੋਂ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵੱਲੋਂ ਪਹਿਲਾਂ ਹੀ ਇੰਸਪਾਇਰ ਐਵਾਰਡ ਸਕੀਮ ਲਈ ਚਾਲੂ ਖਾਤਿਆਂ ਵਿੱਚ ਈ-ਟ੍ਰਾਂਸਫਰ ਕੀਤੀ ਜਾਵੇਗੀ। ਜੇਕਰ ਕਿਸੇ ਜ਼ਿਲ੍ਹਾ ਸਿੱਖਿਆ ਅਫ਼ਸਰ (ਸੈ.ਸਿ.) ਵੱਲੋਂ ਇੰਸਪਾਇਰ ਐਵਾਰਡ ਸਕੀਮ ਦਾ ਖਾਤਾ ਚਾਲੂ ਨਹੀਂ ਹੈ ਤਾਂ ਤਰੁੰਤ ਇਸ ਸਕੀਮ ਲਈ ਸਟੇਟ ਬੈਂਕ ਆਫ ਪਟਿਆਲਾ ਤੋਂ ਖਾਤਾ ਖੁਲਾ ਕੇ ਖਾਤੇ ਦਾ ਨਾਮ, ਖਾਤੇ ਦਾ ਅਕਾਊਂਟ ਨੰਬਰ ਸਮੇਤ IFSC ssa.aspdmath@gmail.com ਦੀ ਈ-ਮੇਲ ID ਤੇ ਮੇਲ ਕੀਤਾ ਜਾਵੇ।

7.0 ਉਪਰੋਕਤ ਹਦਾਇਤਾਂ ਦੀ ਇੰਨ-ਬਿੰਨ ਪਾਲਣਾ ਕੀਤੀ ਜਾਵੇ।

**ਸਕੱਤਰ-ਕਮ-ਡਾਇਰੈਕਟਰ ਜਨਰਲ ਸਕੂਲ ਸਿੱਖਿਆ**
**ਪੰਜਾਬ, ਚੰਡੀਗੜ੍ਹ**